ISSN 0972-2335

# ਅੰਮ੍ਰਿਤ ਕੀਰਤਨ

## ਸਤੰਬਰ 2016



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

Posting Date 01 September 2016

# ਕੁੱਝ ਹੋਰ ਰੰਗ

ਮੀਤ ਜਗ ਬਣਾਉਣਾ ਬਹੁਤ ਚੰਗਾ,

ਸਭ ਥਾਂ ਦੇਖੀਏ ਮਿੱਤਰ ਤੇ ਯਾਰ ਤੇਰੇ।

ਤੇਰਾ ਮੁੱਖੜਾ ਇਉਂ ਮੁਸਕਰਾਂਵਦਾ ਏ,

ਜਦੋਂ ਦੇਖੀਏ ਭਰੇ ਪਿਆਰ ਤੇਰੇ।

ਹੈ ਛੋਟਾ, ਪਰ ਰਹਿਣੀ ਹੈ ਵੱਡਿਆਂ ਦੀ,

ਮਿੱਠੇ ਬੋਲ ਤੇ ਚੰਗੇ ਕਿਰਦਾਰ ਤੇਰੇ।

ਮੇਲ ਜੋਲ ਰਖੇਂ ਸਭਨਾ ਨਾਲ ਚੰਗਾ,

ਇਸ ਲਈ ਰਹਿਣ ਲੋਕੀ ਤਾਬੇਦਾਰ ਤੇਰੇ।

ਪੁੱਤਰ ਪਿਆਰ ਰੱਖਣਾ ਭਾਈਆਂ ਨਾਲ ਸਦ ਹੀ,

ਘੁੱਲ ਮਿਲਣ ਵਾਲੀ ਤੂੰ ਜ਼ੰਜੀਰ ਹੋਵੇਂ।

ਗੱਲਾਂ ਕਰਨਾਂ ਏਂ, ਤਿੱਖੀਆਂ ਤਿੱਖੀਆਂ ਜਿਉਂ,

ਸ਼ਾਲਾਂ ਸ਼ਾਂਤੀ ਦਾ ਗਹਿਰ ਗੰਭੀਰ ਹੋਵੇ।

ਦੁਸ਼ਟ ਪਾਪੀਆਂ ਦੀ ਤੂੰ ਕਰੇਂ ਹਤਿਆ,

ਛਾਤੀ ਦੁਸ਼ਮਨਾਂ ਦਾ ਤੂੰ ਤੀਰ ਹੋਵੇਂ।

ਭੁੱਲ ਰੱਬ ਨੂੰ ਜਿਹੜੇ ਅਪਰਾਧ ਕਰਦੇ,

ਰੋਕਣ ਉਨ੍ਹਾਂ ਲਈ ਸੱਚੀ ਜ਼ੰਜੀਰ ਹੋਵੇਂ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15–ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨਤੀਆ–ATTITUDE 4

ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ– ਡਾ. ਜਾਗੀਰ ਸਿੰਘ 5

ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ
ਡਾ. ਪਰਮਜੀਤ ਸਿੰਘ 9

पंजाब-प्रदेश के लोक संगीत में प्रयुक्त होने वाले 'अवनद्ध' वाद्य- कमलेश इंदर सिंह 11

WORRY AND ITS MANAGEMENT
Dr. Santokh Singh Bhopal 19

ਸੁਰਲਿਪੀ ਰਾਗ ਮਾਝ – ਹਰਿਭਜਨ ਸਿੰਘ 23


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

## ਕਰਉ ਬੇਨੰਤੀਆ

# ATTITUDE

ਅੱਜ ਕਲ੍ਹ ਇੱਕ ਪੁਸਤਕ ਪੜ੍ਹ ਰਿਹਾ ਹਾਂ ATTITUDE ISEVERYTHING.

ਇਸ ਪੁਸਤਕ ਅਨੁਸਾਰ ਜੇ ਤੁਸੀਂ ਆਪਣਾ ਨਜ਼ਰੀਆ ਭਾਵ ਦ੍ਰਿਸ਼ਟੀਕੋਣ ਸਕਾਰਾਤਮਕ ਰੱਖਦੇ ਹੋ ਤਾਂ ਤੁਸੀਂ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰ ਲੈਂਦੇ ਪੁਸਤਕ ਅਨੁਸਾਰ ਤੁਹਾਡੀ ਖੁਸ਼ੀ ਗਮੀ ਸਾਰਾ ਕੁਝ ਹੀ ਇਸੇ ਗੱਲ ਤੇ ਨਿਰਭਰ ਕਰਦਾ ਹੈ। ਸਾਰੀ ਪੁਸਤਕ ਹੀ ਪੜ੍ਹਨਯੋਗ ਹੈ। ਇਸ ਵਿੱਚ ਲੇ ਖਕ ਇੱਕ ਹੋਰ ਲੇਖਕ ਦਾ ਹਵਾਲਾ ਦਿੰਦਿਆਂ ਇਸ ਦੀ ਮਹੱਤਤਾ ਨੂੰ ਦ੍ਰਿੜ ਕਰਾਉਂਦਾ ਹੈ-

"The longer I live, the more I realize the impact of attitude on life. Attitude, to me, is more important than facts. It is more important than the past, than education, than money, than circumstances, than failures, than successes, than what other people think or say or do. It is more important than appearance, giftedness or skill. It will make or break a company ..........a church........... a home.

"The remarkable thing is we have a choice every day regarding the attitude we will embrace for that day. We cannot change our past...... we cannot change the fact that people will act in a certain way. We cannot change the inevitable. The only thing we can do is play on the one string we have, and that is our attitude.

"I am convinced that life is 10 percent what happens to me and 90 percent how I react to it. And so it is with you..... we are in charge of our Attitudes" ਆਪ ਦਾ ਨਜ਼ਰੀਆ ਕੈਸਾ ਹੈ। ਅੰਦਰ ਝਾਤ ਮਾਰੀਏ—— ।

# ਭਾਈ ਰਣਧੀਰ ਸਿੰਘ ਜੀ ਦਾ ਕੀਰਤਨ ਮਨੋਰਥ ਅਤੇ ਕੀਰਤਨ ਜੁਗਤ

**ਡਾ. ਜਾਗੀਰ ਸਿੰਘ**

ਸਿਖ ਜਗਤ ਵਿੱਚ ਭਾਈ ਰਣਧੀਰ ਸਿੰਘ ਜੀ ਦਾ ਨਾਮ ਅਖੰਡ ਕੀਰਤਨੀ ਜਥੇ ਦੇ ਸੰਸਥਾਪਕ ਵਜੋਂ ਪ੍ਰਸਿੱਧ ਹੈ। ਭਾਈ ਸਾਹਿਬ ਨੇ ਇਸ ਤਰ੍ਹਾਂ ਕੀਰਤਨ ਕੀਤਾ ਕਿ ਆਪ ਦਾ ਕੀਰਤਨ ਕਰਨ ਦਾ ਢੰਗ-ਤਰੀਕਾ ਇੱਕ ਵਖਰੀ ਕੀਰਤਨ ਪ੍ਰਣਾਲੀ ਵਜੋਂ ਪ੍ਰਸਿੱਧ ਹੋ ਗਿਆ। ਭਾਈ ਸਾਹਿਬ ਇੱਕ ਨਿਵੇਕਲੇ ਸਾਹਿਤਕਾਰ ਵੀ ਸਨ। ਉਹਨਾਂ ਦੀਆਂ ਪੁਸਤਕਾਂ ਜੇਲ੍ਹ ਚਿੱਠੀਆਂ, ਰੰਗਲੇ ਸੱਜਣ ਆਦਿ ਇੱਕ ਸੰਗੀਤਮਈ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ। ਅਤੇ ਇਹਨਾਂ ਨੂੰ ਅਜੇ ਤੱਕ ਵੀ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਪੜ੍ਹਿਆ ਜਾਂਦਾ ਹੈ। ਉਹਨਾਂ ਨੂੰ ਸਿੱਖ ਜਗਤ ਵਿੱਚ ਬੜਾ ਉੱਚਾ ਦਰਜਾ ਹਾਸਲ ਹੈ।

ਭਾਈ ਰਣਧੀਰ ਸਿੰਘ ਜੀ ਦਾ ਜਨਮ ਸੰਨ 1878ਨੂੰ ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਆਪਦੇ ਪਿਤਾ ਸ੍ਰ. ਨੱਥਾ ਸਿੰਘ ਪੰਜਾਬੀ, ਫਾਰਸੀ, ਉਰਦੂ ਅਤੇ ਅੰਗਰੇਜ਼ੀ ਦੇ ਵਿਦਵਾਨ ਸਨ। ਆਪ ਜ਼ਿਲ੍ਹਾ ਸਿੱਖਿਆ ਇੰਸਪੈਕਟਰ ਆਫ ਸਕੂਲਸ ਅਤੇ ਨਾਭਾ ਸਟੇਟ ਦੇ ਹਾਈ ਕੋਰਟ ਦੇ ਜੱਜ ਦੇ ਅਹੁਦੇ ਤੇ ਵੀ ਰਹੇ। ਆਪਦੀ ਮਾਤਾ ਸਰਦਾਰਨੀ ਪੰਜਾਬ ਕੌਰ ਗੁਰੂ ਹਰਿਗੋਬਿੰਦ ਜੀ ਦੇ ਅਨਿੰਨ ਸ਼ਰਧਾਲੂ ਭਾਈ ਭਗਤੂ ਦੀ ਸਤਵੀਂ ਪੀੜ੍ਹੀ ਵਿੱਚੋਂ ਸਨ। ਭਾਈ ਸਾਹਿਬ ਦੀ ਮੁੱਢਲੀ ਸਿੱਖਿਆ ਨਾਭਾ ਦੇ ਸਕੂਲ ਅਤੇ ਕਾਲਜ ਦੀ ਪੜ੍ਹਾਈ ਲਾਹੌਰ ਦੇ ਕਾਲਜਾਂ ਵਿੱਚ ਹੋਈ। ਆਪ ਇੱਕ ਹੋਣਹਾਰ ਵਿਦਿਆਰਥੀ ਹੋਣ ਦੇ ਨਾਲ ਨਾਲ ਚੰਗੇ ਖਿਡਾਰੀ ਵੀ ਸਨ।

ਭਾਈ ਰਣਧੀਰ ਸਿੰਘ ਜੀ ਦੇ ਉਦੈ ਹੋਣ ਸਮੇਂ ਸਿਖ ਸਮਾਜ ਇੱਕ ਸੰਕ੍ਰਾਂਤੀ ਕਾਲ ਵਿੱਚੋਂ ਲੰਘ ਰਿਹਾ ਸੀ। ਦੇਸ ਵਿੱਚ ਉਦੋਂ ਅਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ। ਇਸ ਦੇ ਨਾਲ ਨਾਲ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਦਾ ਵੀ ਬੋਲ ਬਾਲਾ ਸੀ। ਭਾਈ ਸਾਹਿਬ ਸਿੱਖੀ ਸਿਧਾਂਤਾਂ ਨਾਲ ਓਤਪੋਤ ਸਨ। ਉਹਨਾਂ ਵਿੱਚ ਇਹਨਾਂ ਸਿਧਾਂਤਾਂ ਅਤੇ ਸਿੱਖ ਜੀਵਨ ਰਹਿਣੀ ਬਹਿਣੀ ਦੀ ਪ੍ਰਪੱਕਤਾ ਕਾਇਮ ਨੂੰ ਰੱਖਣ ਲਈ ਜਨੂੰਨ ਦੀ ਹੱਦ ਤੱਕ ਦਾ ਜਜ਼ਬਾ ਸੀ। ਉਹਨਾਂ ਨੇ ਇਸ ਜਜ਼ਬੇ ਅਤੇ ਸਿੱਖ ਰਹਿਣੀ ਬਹਿਣੀ ਦੀ ਵਿਲੱਖਣਤਾ ਨੂੰ ਇੱਕ ਸ਼ਸਤਰ ਵਜੋਂ ਪ੍ਰਯੋਗ ਕੀਤਾ। ਜੇਲ੍ਹ ਚਿੱਠੀਆਂ ਵਿੱਚ ਉਹਨਾਂ ਦੇ ਸੰਘਰਸ਼ ਤੋਂ ਇੱਸ ਗੱਲ ਦਾ ਭਲੀਭਾਂਤ ਪਤਾ ਲੱਗਦਾ ਹੈ।

ਉਸ ਸਮੇਂ ਸਥਾਪਤ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਹੁੰਦਾ ਸੀ। ਕੀਰਤਨ ਕਰਨ ਵਾਲੇ ਕੀਰਤਨੀਆਂ ਦੀ ਉਪਜੀਵਕਾ ਸਾਧਨ ਵੀ ਕੀਰਤਨ ਸੀ। ਇਸ ਲਈ ਇਹ ਕੀਰਤਨ ਗੁਰਦੁਆਰਾ ਸਾਹਿਬਾਨ ਦੇ ਪ੍ਰਬਧਕਾਂ ਨੂੰ ਹੀ ਕਾਇਮ ਰੱਖਣ ਵਿੱਚ ਸਹਾਈ ਹੋ ਰਿਹਾ ਸੀ। ਗੁਰਦੁਆਰਾ ਸਾਹਿਬਾਨ ਵਿੱਚ ਉਸ ਸਮੇਂ ਸਿੱਖ ਮਰਯਾਦਾ ਦਾ ਉਲੰਘਣ ਹੋ ਰਿਹਾ ਸੀ ਜਿਸ ਦੇ ਵਿਰੁੱਧ ਗੁਰਦੁਆਰਾ ਸੁਧਾਰ ਲਹਿਰ ਚਲਾਈ ਜਾ ਰਹੀ ਸੀ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਮਰਯਾਦਾ--

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ

ਅਨੁਸਾਰ ਪਿੰਡ ਪਿੰਡ ਅਤੇ ਘਰਿ ਘਰਿ ਵਿੱਚ ਕੀਰਤਨ ਪ੍ਰਵਾਹ ਚਲਾ ਦਿੱਤਾ। ਇਸ ਲਹਿਰ ਵਿੱਚ ਸ਼ਾਮਲ ਕੀਰਤਨੀਏ ਭਾਵੇਂ ਸੰਗੀਤ ਕਲਾ ਵਿੱਚ ਪ੍ਰਪੱਕ ਨਹੀਂ ਸੀ ਪਰ ਉਹ ਗੁਰਮਤਿ ਰਹਿਣੀ ਵਿੱਚ ਪ੍ਰਪੱਕ ਸਨ। ਫਿਰ

ਉਹਨਾਂ ਦਾ ਮਨੋਰਥ ਦੇਸ ਦੀ ਅਜ਼ਾਦੀ ਅਤੇ ਸਮਾਜ ਦਾ ਸੁਧਾਰ ਸੀ। ਉਹ ਕੀਰਤਨ ਨੂੰ ਇਨਕਲਾਬ ਦੀ ਇਕ ਜੁਗਤ ਵਜੋਂ ਪ੍ਰਯੋਗ ਕਰਦੇ ਸਨ।

ਭਾਈ ਰਣਧੀਰ ਸਿੰਘ ਨੇ ਗੁਰਮਤਿ ਦੇ ਅਧਿਐਨ ਰਾਹੀਂ ਜਦੋਂ ਕੀਰਤਨ ਦੀ ਮਹੱਤਤਾ ਅਨੁਭਵ ਕੀਤੀ ਤਾਂ ਆਪ ਨੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਗੁਰਬਾਣੀ ਦਾ ਕੀਰਤਨ ਕਰਨਾ ਅਰੰਭ ਕਰ ਦਿੱਤਾ। ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਆਧਾਰ ਬਣ ਗਿਆ ਅਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਵਿੱਚ ਵਿਚਰਨ ਲੱਗੇ। ਕੀਰਤਨ ਦੇ ਪ੍ਰਭਾਵ ਕਾਰਨ ਕਈ ਸਰੋਤੇ ਆਪ ਦੇ ਅਨਿੰਨ ਪ੍ਰੇਮੀ ਬਣ ਗਏ। ਸਹਿਜੇ ਸਹਿਜੇ ਇੱਕ ਕੀਰਤਨੀ ਜਥਾ ਤਿਆਰ ਹੋ ਗਿਆ ਜੋ ਪਿੱਛੋਂ ਆ ਕੇ ਅਖੰਡ ਕੀਰਤਨੀ ਜਥੇ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬਾਅਦ ਵਿੱਚ ਇਹ ਜਥਾ ਇੱਕ ਸੁਚੱਜੀ ਸੰਸਥਾ ਦਾ ਰੂਪ ਧਾਰਨ ਕਰ ਗਿਆ।

ਭਾਈ ਸਾਹਿਬ ਨੇ ਅੰਮ੍ਰਿਤ ਛਕਣ ਤੋਂ ਬਾਅਦ ਲਗਭਗ 1901 ਵਿੱਚ ਆਪਣਾ ਕੀਰਤਨੀ ਜਥਾ ਬਣਾ ਕੇ ਕੀਰਤਨ ਕਰਨਾ ਆਰੰਭ ਕਰ ਦਿੱਤਾ ਸੀ। ਆਪ ਜੇਲ੍ਹ ਚਿੱਠੀਆਂ ਵਿੱਚ ਲਿਖਦੇ ਹਨ-

ਪਿੰਡ ਨਾਰੰਗਵਾਲ ਵਿੱਚ ਹੀ ਸ਼ਬਦੀ ਜਥਾ ਸੋਹਣੇ ਰੰਗ ਵਿੱਜ ਸਜ ਗਿਆ ਸੀ। ਚਾਹੇ ਪਿੰਡ ਵਿੱਚ ਕਈ ਸਿੰਘ ਸਜ ਗਏ ਸਨ ਅਤੇ ਕਈ ਘਰਾਣੇ ਖਾਲਸਾ ਧਰਮ ਦੇ ਧਾਰਨੀ ਹੋ ਗਏ ਸਨ, ਪਰੰਤੂ ਪੂਰੀ ਰਹਿਤ ਅਨੁਸਾਰ ਬਿਬੇਕੀ ਜੀਵਨ ਵਾਲੇ ਵਿਰਲੇ ਹੀ ਸਨ। ਇਹਨਾਂ ਦੇ ਸੰਗ ਸਾਥ ਮਿਲਕੇ ਹੀ ਪਿੰਡ ਵਿੱਚ ਕੀਰਤਨ ਦਾ ਅੰਨਦ ਲੈਂਦੇ ਅਤੇ ਬਾਹਰ ਦੀਵਾਨਾਂ ਉੱਪਰ ਵੀ ਜਾਂਦੇ ਸਾਂ। ਪਿੰਡ ਨਾਰੰਗਵਾਲ ਵਿੱਚ ਉਪਰੋਂ ਥਲੀ ਕਈ ਦੀਵਾਨ ਕੀਤੇ ਅਤੇ ਸ਼ਬਦੀ ਜਥਾ ਤਕੜੀਆਂ ਲਹਿਰਾਂ ਵਿੱਚ ਹੋ ਗਿਆ। (ਜੇਲ੍ਹ ਚਿੱਠੀਆਂ, ਪੰਨਾ 40)

ਭਾਈ ਸਾਹਿਬ ਜਦ ਕੀਰਤਨ ਕਰਦੇ ਤਾਂ ਇੱਕੋ ਚੌਕੜੇ ਵਿੱਚ ਪੰਜ-ਪੰਜ ਛੇ-ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਖੁਦ ਕੀਰਤਨ ਵਿੱਚ ਕੀਰਤਨ ਰੂਪ ਹੋ ਜਾਂਦੇ ਸਨ। ਇਸ ਨਾਲ ਸੰਗਤ ਵਿੱਚ ਬੈਠੀਆਂ ਪ੍ਰੇਮੀ ਰੂਹਾਂ ਦੀ ਸੁਰਤਿ ਕੀਲੀ ਜਾਂਦੀ ਸੀ।---

ਆਪ ਪੂਰਾ ਤਾਣ ਲਾ ਕੇ ਕੀਰਤਨ ਕਰਦੇ ਸਨ। ਇੱਕ ਇਕ ਤੁਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਉਚਾਰਦੇ ਸਨ ਇਸ ਨਾਲ ਸਰੋਤਿਆਂ ਉੱਪਰ ਵਿਸਮਾਦੀ ਪ੍ਰਭਾਵ ਪੈਂਦਾ ਸੀ। ਕਈ ਸਰੋਤਿਆਂ ਦੇ ਤਾਂ ਵੈਰਾਗ ਵਿੱਚ ਨੇਤ੍ਰ ਸੇਜਲ ਹੋ ਜਾਂਦੇ ਸਨ।

ਉਸ ਵੇਲੇ ਦੇ ਕਈ ਰਾਗੀ ਜਿਹੜੇ ਸੰਗੀਤ ਕਲਾ ਦੇ ਮਾਹਿਰ ਸਨ ਉਹ ਆਪਣੀ ਸੰਗੀਤ ਕਲਾ ਦੇ ਵਿਖਾਵੇ ਲਈ ਗੁਰਬਾਣੀ ਕੀਰਤਨ ਕਰਦੇ ਸਨ। ਐਸੇ ਕੀਰਤਨ ਬਾਰੇ ਗੁਰਬਾਣੀ ਵਿੱਚ ਫਰਮਾਨ ਹੈ-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ।।

ਜਿਨਾ ਅੰਦਰਿ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ।।

ਪਰ ਭਾਈ ਸਾਹਿਬ ਨੇ ਕੀਰਤਨ ਨੂੰ ਨਾਮ ਅਭਿਆਸ ਕਮਾਈ ਦਾ ਇੱਕ ਸਾਧਨ ਸਮਝਿਆ। ਉਸ ਸਮੇਂ ਗੁਰਸਿੱਖੀ ਨਾਲ ਪ੍ਰੇਮ ਤੇ ਲਗਾਉ ਤੋਂ ਬਿਨਾ ਪਸਰ ਰਹੀ ਕੀਰਤਨ ਅਤੇ ਰਾਗ ਵਿੱਦਿਆ ਬਾਰੇ ਆਪ ਦਾ ਵਿਚਾਰ ਸੀ-

ਹਰਿ ਕੀਰਤਨ ਦੀ ਪ੍ਰੇਮਾ ਭਗਤੀ ਛੱਡ ਕੇ ਕੇਵਲ ਰਾਗਾਂ ਪਿੱਛੇ ਹੀ ਰੀਝਣਾ ਗੁਰਮਤਿ ਦੇ ਪ੍ਰਤੀਕੂਲ ਹੈ। ਰਾਗ ਪ੍ਰਬੀਨਤਾ ਜਿਸਨੇ ਪ੍ਰਾਪਤ ਕਰਨੀ ਹੋਵੇ, ਸੋ ਪਿਆ ਕਰੇ ਪਰ ਹਰਿ ਕੀਰਤਨ ਦੇ ਜਨ ਨਿਰੇ ਰਾਗਾਂ ਦੇ ਖਲਜਗਣ

ਵਿੱਚ ਖਚਤ ਹੋਣਾ ਐਸਾ ਹੀ ਹਾਨੀਕਾਰਕ ਜਾਣਦੇ ਹਨ, ਜੈਸਾ ਕਿ ਵਿੱਦਿਆ ਦੇ ਸ਼ੌਕੀਨ ਨੂੰ ਪ੍ਰਾਚੀਨ ਸਮੇਂ ਅਨਮਤ ਵਿੱਦਿਆ ਘੋਖਣ ਨਮਿਤ ਕਾਸ਼ੀ ਜਾ ਕੇ ਵਿੱਦਿਆ ਅਤਿ ਮਹਿੰਗੀ ਪਈ। ਵਿੱਦਿਆ ਘੋਖਣ ਗਏ ਵਿੱਦਿਆ ਨੇ ਹੀ ਗ੍ਰਸ ਲਏ ਅਤੇ ਸੰਸਕ੍ਰਿਤ ਆਦਿਕ ਵਿੱਦਿਆ ਦੇ ਅਭਿਮਾਨੀ ਹੋ ਕੇ ਕੁਪੀ ਵਿੱਚ ਰੋੜ ਖੜਕਾਉਣ ਜੋਗੇ ਰਹਿ ਗਏ। ਗੁਰਮਤਿ ਦੇ ਤਤਸਾਰ ਅਭਿਆਸ ਤੋਂ ਨਿਰੋਲ ਸੱਖਣੇ ਰਹਿ ਗਏ, ਮਾਨੋ ਉਕਤ ਵਿੱਦਿਆ ਅਵਿੱਦਿਆ ਹੋ ਕੇ ਚਿਮੜ ਗਈ। ਏਸੇ ਪ੍ਰਕਾਰ ਪ੍ਰੇਮਾ ਭਗਤੀ ਤੋਂ ਸੱਖਣੀ ਨਿਰੀ ਰਾਗ ਵਿੱਦਿਆ ਰੋਗ ਰੂਪ ਹੈ ਜੋ ਰਾਗ ਅਭਿਮਾਨੀ ਬਣਾ ਦਿੰਦੀ ਹੈ ਅਤੇ ਰਾਗ ਅਨੁਰਾਗੀ ਰੋਗੀਆਂ ਨੂੰ ਕਲਿਆਣ ਮਾਰਗ ਤੋਂ ਬਹੁਤ ਪਰੇਡੇ ਰਖਦੀ ਹੈ।(ਗੁਰਮਤਿ ਲੇਖ ਪੰਨਾ 120)

ਆਮ ਕਰਕੇ ਭਾਈ ਸਾਹਿਬ ਦਾ ਕੀਰਤਨ ਪ੍ਰੇਮਾ ਭਗਤੀ ਨਾਲ ਭਰਪੂਰ ਹੁੰਦਾ ਸੀ। ਉਹ ਅਜਿਹੇ ਵਲਵਲਿਆਂ ਦਾ ਸੰਚਾਰ ਸਰੋਤਿਆਂ ਅੰਦਰ ਬਾਖੂਬੀ ਕਰ ਦਿੰਦੇ ਸਨ। ਉਹਨਾਂ ਦੇ ਕੀਰਤਨ ਦੀ ਸ਼ੈਲੀ ਸੁਗਮ ਹੋਣ ਕਾਰਨ ਸਾਰੀਆਂ ਸੰਗਤਾਂ ਅਜਿਹਾ ਕੀਰਤਨ ਕਰਨ ਵਿੱਚ ਸ਼ਾਮਲ ਹੋ ਜਾਂਦੀਆਂ ਸਨ। ਆਪ ਰਾਗ ਨਾਲੋਂ ਗੁਰਬਾਣੀ ਨੂੰ ਵਧੇਰੇ ਤਰਜੀਹ ਦਿੰਦੇ ਸਨ ਆਪ ਦਾ ਵਿਚਾਰ ਸੀ- -

ਪ੍ਰੇਮਾ ਭਗਤੀ ਦੇ ਰੰਗਾਂ ਵਿੱਚ ਵਾਹਿਗੁਰੂ ਨਿਰੰਕਾਰ ਦੇ ਗੁਣ ਗਾਉਣਹਾਰੇ ਗੁਰੂ ਨਿਵਾਜੇ ਗੁਰਮੁਖਾਂ ਦੇ ਅੱਗੇ ਪਿੱਛੇ ਰਾਗ ਨਾਦ ਹੱਥ ਬੰਨੀ ਫਿਰਦੇ ਹਨ। ਜਦ ਰੱਬੀ ਰੰਗਾਂ ਵਿੱਚ ਆਈਦਾ ਹੈ ਤਾਂ ਅਜਗੈਬੀ ਰਾਗ ਆਪੇ ਹੀ ਸਫਰਨ ਹੁੰਦੇ ਹਨ। (ਗੁਰਮਤਿ ਲੇਖ, ਪੰਨਾ 117) ਆਪ ਦੀਆਂ ਕੀਰਤਨ ਰੀਤਾਂ ਸ਼ਬਦ ਦੇ ਭਾਵ ਅਨੁਸਾਰ ਹੁੰਦੀਆਂ ਸਨ ਜੇ ਸ਼ਬਦ ਵੈਰਾਗ ਦਾ ਹੁੰਦਾ ਤਾਂ ਗਾਇਨ ਰੀਤ ਵੈਰਾਗ ਭਰਪੂਰ ਹੁੰਦੀ ਸੀ। ਇਹ ਰੀਤਾਂ ਭਾਵੇਂ ਨਿਰਧਾਰਿਤ ਰਾਗ ਤੇ ਨਹੀਂ ਸੀ ਹੁੰਦੀਆਂ ਪਰ ਕਿਸੇ ਨਾ ਕਿਸੇ ਰਾਗ ਦੀ ਝਲਕ ਆਪਣੇ ਆਪ ਹੀ ਮਿਲਣ ਲਗਦੀ ਸੀ। ਆਪ ਸਮਝਦੇ ਸਨ ਕਿ ਸ਼ਬਦ-ਤਰੰਗੀ ਰਸ ਜੋਤਿ ਵਿਗਾਸੀ ਮਨਾਂ ਦੇ ਰੋਮ ਰੋਮ ਅੰਦਰ ਹੀ ਹਰਿ ਕੀਰਤਨ ਦਾ ਸੋਮਾ ਫੁਟ ਪੈਂਦਾ ਹੈ। ਜਦ ਕੀਰਤਨ ਧੁਰ ਅੰਦਰੋਂ ਨਿਕਲਦਾ ਹੈ ਤਾਂ ਇਹ ਆਪਣੇ ਆਪ ਹੀ ਰਾਗ ਬੱਧ ਹੋ ਜਾਂਦਾ ਹੈ। ਆਪ ਹਰਿ ਕੀਰਤਨ ਨਿਬੰਧ ਵਿੱਚ ਇੱਕ ਹੱਡ ਬੀਤੀ ਬਿਆਨ ਕਰਦੇ ਹਨ-

--------ਇੱਕ ਵਾਰ ਦਾ ਜ਼ਿਕਰ ਹੈ ਅਸੀਂ ਪਿੰਡ ਧਾਂਦਰੇ ਜਿਲਾ ਲੁਧਿਆਣਾ ਵਿਖੇ ਕੀਰਤਨ ਵਿਚ ਮਸਤ ਹੋਏ ਪਏ ਸਾਂ ਕਿ ਇਕ ਸੂਰਮਾਂ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲੱਗ ਪਿਆ। ਅਸੀਂ ਉਸ ਵੇਲੇ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸਾਂ ਅਤੇ ਹੁਣ ਵੀ ਇਵੇਂ ਹੀ ਸਾਰਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੋਈ ਸੂਝ ਨਹੀਂ ਸੀ। ਕੀਰਤਨ ਦੇ ਬਾਲ ਸੁਭਾਵੀ ਚਾਵ੍ਹ ਵਿੱਚ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ। ਗੁਰੂ ਦੀ ਕਿਰਪਾ ਦੁਆਰਾ ਇਹ ਜ਼ਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬਝ ਗਿਆ ਹੈ। ਜਦ ਰਾਗ ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ ਤਾਂ ਖੂਬ ਕੀਰਤਨ ਹੋਇਆ। ਉਸ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਜਦ ਉਸ ਨੇ ਜਥੇ ਨੂੰ ਸੁਰਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਉਪਰੰਤ ਉਸ ਨੇ ਇਕ ਰਾਗ ਦੇ ਜਾਣੂ ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ ਰਾਗ ਵਿੱਦਿਆ ਦੇ ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਸੀ ਕਿ ਇਹ ਜਥਾ ਸੰਘ ਪਾੜਨਾ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ। ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਰਾਗ ਦੇ ਤ੍ਰੰਗ-ਤਰਾਨਿਆਂ ਵਿੱਚ ਇਸ ਜਥੇ ਨੂੰ ਸੁਣ ਕੇ ਉਹ ਅਨੰਦ ਆਇਆ, ਜਿਹੜਾ ਅੱਗੇ ਕਦੇ ਨਹੀਂ ਆਇਆ। ਇਹ ਸੁਣ ਕੇ ਅਸੀਂ ਮਨ ਹੀ ਮਨ ਅੰਦਰ ਹੱਸੇ ਕਿ ਸਾਨੂੰ ਤਾਂ ਵੀ ਪਤਾ ਨਹੀਂ ਕਿ ਰਾਗ ਬਿਲਾਵਲ ਕਿਹੜਾ ਹੈ, ਕਿਵੇਂ ਤੇ ਕਿਸ ਵੇਲੇ ਗਾਈਦਾ ਹੈ।(ਗੁਰਮਤਿ ਲੇਖ-ਪੰਨਾ 118)

ਅੱਜ ਕਲ੍ਹ ਇਸ ਕੀਰਤਨੀ ਜਥੇ ਨਾਲ ਸਬੰਧਤ ਬਹੁਤੇ ਜਥੇ ਕੀਰਤਨ ਕਰਦਿਆਂ ਗੁਰ ਮੰਤਰ ਵਾਹਿਗੁਰੂ

ਦਾ ਜਾਪ ਕੁਝ ਵਧੇਰੇ ਹੀ ਕਰਾਉਂਦੇ ਹਨ। ਕਈ ਜਥੇ ਪ੍ਰਮਾਣਾਂ ਤੇ ਬਹੁਤਾ ਜ਼ੋਰ ਲਗਾਉਂਦੇ ਹਨ। ਪਰ ਭਾਈ ਰਣਧੀਰ ਸਿੰਘ ਕੀਰਤਨ ਕਰਦਿਆਂ ਇੱਕ ਹੀ ਤੁੱਕ ਨੂੰ ਬੜੇ ਪਿਆਰ ਨਾਲ ਕਈ ਕਈ ਵਾਰ ਦੁਹਰਾਉਂਦੇ ਸਨ। ਉਹਨਾਂ ਦੀ ਕੀਰਤਨ ਵਿਧੀ ਬਾਰੇ ਪ੍ਰਿੰਸੀਪਲ ਗੁਰਮੁਖ ਸਿੰਘ ਦਾ ਵਿਚਾਰ ਹੈ ਕਿ ਨਾਮ ਸਿਮਰਨ ਅਤੇ ਪ੍ਰਮਾਣਾਂ ਵਾਲੀ ਵਿਧੀ ਭਾਈ ਮਹਿੰਦਰ ਸਿੰਘ ਐਸ. ਡੀ. ਓ. ਨੇ ਵਧੇਰੇ ਕਰ ਕੇ ਅਪਣਾਈ। ਆਪ ਅੰਖਡ ਕੀਰਤਨੀ ਜਥੇ ਦੇ ਮਾਸਿਕ ਪੱਤਰ ਸੂਰਾ ਵਿੱਚ ਲਿਖਦੇ ਹਨ- ਆਪ (ਭਾਈ ਰਣਧੀਰ ਸਿੰਘ ਜੀ) ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ ਪ੍ਰੇਮ ਨਾਲ ਗਾਇਨ ਕਰਦੇ ਸਨ। ਆਪ ਅਤੇ ਉਹਨਾਂ ਦੇ ਸਾਥੀ ਕੀਰਤਨ ਵਿੱਚ ਗੁਰਮੰਤ੍ਰ ਦੀ ਧੁਨੀ ਨਹੀਂ ਸੀ ਲਾਉਂਦੇ। ਕਿਤੇ ਕਿਤੇ ਉਹਨਾਂ ਦੇ ਮੁਖਾਰਬਿੰਦ ਤੋਂ ਗੁਰੂਗੁਰੂ ਦੀ ਆਵਾਜ਼ ਆਉਂਦੀ ਸੀ, ਪਰ ਉਹ ਕੀਰਤਨ ਅਖੰਡ ਕਰਦੇ ਸਨ। ਅੱਜ ਅਖੰਡ ਕੀਰਤਨੀ ਜਥੇ ਵਿੱਚ ਉਹਨਾਂ ਵੱਲੋਂ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਬਦਲ ਗਿਆ ਹੈ। ਅਜੋਕੇ ਕੀਰਤਨੀਏ ਇਹ ਸਮਝਦੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤ੍ਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਵੇ। ਉਹ ਆਪਣੇ ਕੀਰਤਨ ਵਿੱਚ ਅੱਧਾ ਸਮਾਂ ਵਾਹਿਗੁਰੂਵਾਹਿਗੁਰੂਦੇ ਜਾਪ ਉਪਰ ਹੀ ਲਾ ਦਿੰਦੇ ਹਨ। ਇਉਂ ਇਹ ਨਾ ਅਖੰਡ ਕੀਰਤਨ ਰਹਿੰਦਾ ਹੈ ਤੇ ਨਾ ਹੀ ਅਖੰਡ ਅਭਿਆਸ। ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਅਖੰਡ ਕੀਰਤਨ ਹੀ ਕਰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ 1960 ਤੋਂ ਬਾਅਦ ਅਰੰਭ ਹੋਇਆ ਜੋ ਅੱਗੇ ਤੋਂ ਜ਼ੋਰ ਫੜ ਗਿਆ। (ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਕੀਰਤਨ ਸ਼ੈਲੀ, ਸੂਰਾ, ਜੁਲਾਈ 1996 ਪੰਨਾ 38)

ਇਸ ਤਰ੍ਹਾਂ ਭਾਈ ਸਾਹਿਬ ਨੇ ਸਾਰੀ ਉਮਰ ਗੁਰਬਾਣੀ ਦੇ ਨਾਮ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਇਲਾਹੀ ਬਾਣੀ ਦਾ ਨਿਰਬਾਣ ਕੀਰਤਨ ਕੀਤਾ। ਡਾ. ਗੁਲਜਾਰ ਸਿੰਘ ਕੰਗ ਲਿਖਦੇ ਹਨ- ਸਮੁੱਚੇ ਰੂਪ ਵਿੱਚ ਵੇਖਿਆ ਜਾਵੇ ਤਾਂ ਭਾਈ ਸਾਹਿਬ ਕੀਰਤਨ ਨੂੰ ਪ੍ਰਭੂ ਮਿਲਾਪ ਦਾ ਸਾਧਨ ਅਤੇ ਰੂਹ ਦੀ ਖ਼ੁਰਾਕ ਸਮਝਦੇ ਸਨ। ਅਖੰਡ ਕੀਰਤਨ ਦੀ ਇਸ ਪਰੰਪਰਾ ਰਾਹੀਂ ਹੀ ਆਪ ਨੇ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕੀਤਾ । ਆਪ ਵੱਲੋਂ ਸਥਾਪਿਤ ਕੀਤੀ ਗਈ ਅਖੰਡ ਕੀਰਤਨੀ ਜਥੇ ਦੀ ਸੰਸਥਾ ਨੇ ਸਿੱਖੀ ਪ੍ਰਚਾਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦਾ ਇੱਕੋ ਇੱਕ ਮਨੋਰਥ ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾ ਕੇ ਨਾਮ ਜਪਣ ਲਈ ਪ੍ਰੇਰਿਤ ਕਰਨਾ ਹੈ। ---- ਇਹ ਜਥਾ ਅਜੋਕੇ ਸਮੇਂ ਵਿੱਚ ਭਾਵੇਂ ਫੁੱਟ ਦਾ ਸ਼ਿਕਾਰ ਹੋ ਗਿਆ ਹੈ, ਪਰ ਸਿੱਖੀ ਦੇ ਪ੍ਰਚਾਰ ਪਾਸਾਰ ਲਈ ਇਹ ਹੁਣ ਵੀ ਤਤਪਰ ਹੈ ਅਤੇ ਦੇਸ ਪਰਦੇਸ ਵਿੱਚ ਸਿੱਖ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ। (ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ ਪੰਨਾ-123)

ਹੁਣ ਇਸ ਜਥੇ ਨਾਲ ਸਬੰਧਤ ਕਈ ਸਿੰਘ ਵਿੱਚ ਗੁਰਮਤਿ ਸੰਗੀਤ ਦੀ ਟਕਸਾਲੀ ਪਰੰਪਰਾ ਦੀ ਸਾਂਭ ਸੰਭਾਲ ਲਈ ਜਤਨਸ਼ੀਲ ਹਨ। ਡਾ. ਗੁਰਨਾਮ ਸਿੰਘ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਪ੍ਰੇਰਨਾ ਨਾਲ ਕਨੇਡਾ ਵਿੱਖੇ ਰਹਿ ਰਹੇ ਮਾਸਟਰ ਉਜਾਗਰ ਸਿੰਘ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਪੰਜਾਬੀ ਯੂਨੀਵਰਸਿਟੀ ਵਿੱਚ ਭਾਈ ਰਣਧੀਰ ਸਿੰਘ ਔਨ ਲਾਈਨ ਗੁਰਮਤਿ ਸੰਗੀਤ ਲਾਇਬ੍ਰੇਰੀ ਸਥਾਪਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਇਸ ਲਾਇਬ੍ਰੇਰੀ ਵਿੱਚ ਜਿਥੇ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਨੂੰ ਔਨ ਲਾਈਨ ਕੀਤਾ ਗਿਆ ਹੈ, ਉੱਥੇ ਗੁਰਮਤਿ ਸੰਗੀਤ ਨਾਲ ਸਬੰਧਤ ਪੁਸਤਕਾਂ ਵੀ ਹੁਣ ਘਰ ਬੈਠਿਆਂ ਕੰਪਿਊਟਰ ਰਾਹੀਂ ਵਾਚੀਆਂ ਜਾ ਸਕਦੀਆਂ ਹਨ ਅਤੇ ਟਕਸਾਲੀ ਕੀਰਤਨ ਨੈਟ ਰਾਹੀਂ ਸੁਣਿਆ ਜਾ ਸਕਦਾ ਹੈ।।

422, ਸੈਕਟਰ 15 ਏ, ਚੰਡੀਗੜ੍ਹ-160015, ਮੁਬਾਇਲ-09814053630

❑❑❑

# ਗੁਰਮਤਿ ਸੰਗੀਤ ਵਿਚ ਤਾਲ ਦਾ ਮਹੱਤਵ

**ਡਾ. ਪਰਮਜੀਤ ਸਿੰਘ**

ਸੰਗੀਤ ਵਿਚ ਜੋ ਸਮਾਂ ਬਤੀਤ ਹੁੰਦਾ ਹੈ, ਉਸ ਦੀ ਗਤੀ ਨੂੰ ਲੈਅ ਕਹਿੰਦੇ ਹਨ। ਉਸ ਲੈਅ ਨੂੰ ਜਦੋਂ ਅਸੀਂ ਮਾਤਰਾ ਵਿਚ ਵੰਡ ਕੇ ਉਨ੍ਹਾਂ ਨੂੰ ਦਰਸਾਉਣ ਵਾਸਤੇ ਤਬਲੇ ਜਾਂ ਪਖਾਵਜ ਦੇ ਬੋਲ ਦੇਂਦੇ ਹਾਂ, ਤੇ ਉਸ ਨੂੰ ਅਸੀਂ ਤਾਲ ਕਹਿੰਦੇ ਹਾਂ। ਇਸ ਵਿਚ 5 ਮਾਤਰਾਂ ਤੋਂ ਲੈ ਕੇ 28 ਮਾਤਰਾਂ ਤਕ ਦੇ ਤਾਲ ਹੋ ਸਕਦੇ ਹਨ।

ਗੁਰਮਤਿ ਸੰਗੀਤ ਅਪਣੇ ਆਪ ਵਿਚ ਇਕ ਬਹੁਤ ਵਿਸਤਰਿਤ ਸ਼ਬਦ ਹੈ। ਗੁਰਮਤਿ ਸੰਗੀਤ ਵਿਚ ਤਾਲ ਦੇ ਮਹਤਵ ਨੂੰ ਜਾਣਨ ਵਾਸਤੇ ਅਸੀਂ ਗੁਰਮਤਿ ਸੰਗੀਤ ਦੀਆਂ ਅਲਗ ਅਲਗ ਸ਼ੈਲੀਆਂ ਤੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਇਨ੍ਹਾਂ ਸ਼ੈਲੀਆਂ ਵਿਚ ਤਾਲ ਦਾ ਕੀ ਮਹੱਤਵ ਹੈ। ਗੁਰਮਤਿ ਸੰਗੀਤ ਵਿਚ ਤਾਲ ਦਾ ਪ੍ਰਬੰਧ ਜਾਂ ਸੰਗਤ ਕਰਨ ਦਾ ਢੰਗ ਹਿਦੁੰਸਤਾਨੀ ਸੰਗੀਤ ਨਾਲੋਂ ਕੁਝ ਨਵੇਕਲਾ ਹੈ। ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜਦੋਂ ਤਾਲ ਵਜਾਇਆ ਜਾਂਦਾ ਹੈ ਤੇ ਇਕ ਅਦਬ ਅਤੇ ਭੈ ਨੂੰ ਮਨ ਵਿਚ ਰੱਖਕੇ ਵਜਾਇਆ ਜਾਂਦਾ ਹੈ, ਤਾਕਿ ਜਦੋਂ ਸਰੋਤਾ ਸ਼ਬਦ ਸੁਣੇ ਤਾਂ ਉਸ ਦੀ ਸੁਰਤ ਸ਼ਬਦ ਨਾਲੋਂ ਨਾ ਟੁਟੇ। ਗੁਰਬਾਣੀ ਕੀਰਤਨ ਵਿਚ ਸਭ ਤੋਂ ਪਹਿਲਾਂ ਅਸੀਂ ਕੀਰਤਨ ਚੌਂਕੀ ਵਿਚ ਉਸਦੇ ਅਲਗ ਅਲਗ ਅੰਗਾਂ ਦੇ ਵਿਚ ਤਾਲ ਦੇ ਮਹੱਤਵਨੂੰਦੇਖਾਂਗੇ।

**(1) ਲਹਿਰਾ ਜਾਂ ਸ਼ਾਨ :** ਕੀਰਤਨ ਚੋਂਕੀ ਵਿਚ ਸਭ ਤੋਂ ਪਹਿਲਾਂ ਰਾਗੀ ਸਿੰਘ ਆਪਣੇ ਸਾਜ਼ਾਂ ਨੂੰ ਸੁਰ ਕਰਦੇ ਹਨ। ਫਿਰ ਰਾਗੀ ਸਿੰਘ ਆਪਣੇ ਸਾਜ਼ ਤੇ ਸਮੇਂ ਦੇ ਰਾਗ ਵਿਚ ਸ਼ਾਨ ਵਜਾਉਂਦਾ ਹੈ ਤੇ ਜੋੜੀ ਵਾਲਾ ਸਿੰਘ ਕੋਈ ਤਾਲ ਵਜਾਕੇ ਉਸ ਵਿਚ ਵਿਭਿੰਨ ਲੈਅਕਾਰੀਆਂ ਵਿਚ ਆਪਣੇ ਹੁਨਰ ਦਾ ਪ੍ਰਗਟਾਵਾ ਕਰਦਾ ਹੈ, ਇਸ ਸਮੇਂ ਕੋਈ ਸ਼ਬਦ ਗਾਇਨ ਨਹੀਂ ਕੀਤਾ ਜਾਂਦਾ ਇਸ ਤਰਾਂ ਜੋੜੀ ਵਾਲਾ ਤਾਲ ਨੂੰ ਵਿਸਤਾਰ ਨਾਲ 4-5 ਮਿੰਟ ਤਕ ਵਜਾਉਂਦਾ ਹੈ ਜਿਸ ਨਾਲ ਕੀਰਤਨ ਲਈ ਇਕ ਢੁਕਵਾਂ ਸੰਗੀਤਕ ਮਾਹੌਲ ਸਿਰਜਿਆ ਜਾਂਦਾ ਹੈ। ਇਸ ਨਾਲ ਸਰੋਤੇ ਕੀਰਤਨ ਸੁਣਨ ਵਾਸਤੇ ਇਕਾਗਰ ਚਿਤ ਹੋ ਜਾਂਦੇ ਹਨ। ਚੌਂਕੀ ਦੇ ਇਸ ਅੰਗ ਵਿਚ ਤਾਲ ਦਾ ਇਕ ਵਿਸ਼ੇਸ਼ ਮਹੱਤਵਹੈ।

**(2) ਮੰਗਲਾਚਰਣ :** ਜਿਸ ਤਰ੍ਹਾਂ ਭਾਰਤੀ ਸ਼ਾਸਤਰੀ ਸੰਗੀਤ ਵਿਚ ਵਡਾ ਖਿਆਲ ਗਾਇਆ ਜਾਂਦਾ ਹੈ ਅਤੇ ਉਸ ਨਾਲ ਤਬਲਾ ਵਾਦਕ ਵਿਲੰਬਿਤ ਲੈਅ ਵਿਚ ਕੋਈ ਤਾਲ ਵਜਾਉਂਦਾ ਹੈ ਉਸੇ ਤਰ੍ਹਾਂ ਮੰਗਲਾਚਰਣ ਜਾਂ ਡੰਡਉਤ ਗਾਇਨ ਕਰਨ ਸਮੇਂ ਕੋਈ ਸਲੋਕ ਜਾਂ ਦੋਹਰਾ ਲੈ ਕੇ ਉਸ ਨੂੰਕਿਸੇ ਵਿੰਲਬਿੰਤ ਤਾਲ ਵਿਚ ਅਤੇ ਜਿਸ ਰਾਗ ਵਿੱਚਪਹਿਲਾ ਸ਼ਬਦ ਗਾਇਨ ਕਰਨਾ ਉਸ ਰਾਗ ਡੰਡਉਤ ਨੂੰ ਗਾਇਆ ਜਾਂਦਾ ਹੈ।ਇਸ ਵਿਚ ਜੋੜੀ ਵਾਲਾ ਵਿਲੰਬਿੰਤ ਇਕ ਤਾਲ, ਤਿੰਨਤਾਲ ਜਾਂ ਝੂਮਰਾ ਆਦਿ ਤਾਲਾਂ ਵਿਚ ਜੋੜੀ ਉਤੇ ਠੇਕਾ ਲਗਾਂਦਾ ਹੈ, ਇਸ ਤਰ੍ਹਾਂ ਕੀਰਤਨ ਦਾ ਇਕ ਮਹੋਲ ਬਣਦਾ ਹੈ। ਰਾਗ ਦਾ ਸਰੂਪ ਸਪਸ਼ਟ ਹੁੰਦਾ ਹੈ ਅਤੇ ਰਾਗੀ ਅਤੇ ਜੋੜੀ ਵਜਾਉਣ ਵਾਲੇ ਦੀ ਕਾਬਲਿਅਤ ਦਾ ਵੀ ਪਤਾ ਲਗਦਾ ਹੈ।

**(3) ਰਾਗ ਵਿਚ ਸ਼ਬਦ ਗਾਇਨ :** ਮੰਗਲਾਚਰਣ ਤੋਂ ਬਾਦ ਰਾਗੀ ਸਿੰਘ ਸਮੇਂ ਦੇ ਰਾਗ ਵਿਚ ਸ਼ਬਦ ਦੀ ਬੰਦਿਸ਼ ਦਾ ਗਾਇਨ ਕਰਦੇ ਹਨ। ਇਹ ਬੰਦਿਸ਼ ਤਿੰਨਤਾਲ ਇਕਤਾਲ ਜਾਂ ਰੂਪਕ ਆਦਿ ਤਾਲ ਵਿਚ ਜ਼ਿਆਦਾ ਸੁਣਨ ਨੂੰਮਿਲਦੀ ਹੈ। ਰਾਗੀ ਸਿੰਘ ਜਦੋਂ ਸ਼ਬਦ ਦੇ ਅੰਤਰੇ ਤੋਂ ਬਾਦ ਸਥਾਈ ਤੇ ਆਂਦੇ ਹਨ, ਉਦੋਂ ਜੋੜੀ ਵਾਲਾ ਉਸ ਤਾਲ ਵਿਚ ਇਕ ਜਾਂ ਦੋ ਆਵਰਤਨ ਦੇ ਕੋਈ ਬੋਲ ਜਾਂ ਛੋਟਾ ਜਿਹਾ ਰੇਲਾ ਵਜਾਕੇ ਤਿਹਾਈ ਲਗਾ ਦਿੰਦਾ ਹੈ, ਜਿਸ ਨਾਲ ਰਾਗੀ ਸਿੰਘ ਅਤੇ ਤਬਲਾ ਵਾਦਕ ਵਿਚ ਇਕ ਅਛਾ ਤਾਲਮੇਲ ਬਣ ਜਾਂਦਾ ਹੈ। ਕਈ ਵਾਰੀ ਰਾਗੀ ਸਿੰਘ ਧਰੂਪਦ ਜਾਂ ਧਮਾਰ ਵਿਚ ਵੀ ਸ਼ਬਦ ਗਾਇਨ ਕਰਦੇ ਹਨ ਜਿਸ ਨਾਲ ਜੋੜੀ ਵਾਲਾ ਜੋੜੀ ਤੇ ਖੁਲੇ ਬੋਲਾਂ ਦੇ ਪ੍ਰਯੋਗ ਕਰਕੇ ਚਾਰਤਾਲ, ਧਮਾਰ ਜਾਂ ਸੂਲਤਾਲ ਆਦਿ ਤਾਲਾਂ ਵਜਾਕੇ ਸੰਗਤ ਕਰਦਾ ਹੈ।

ਗੁਰਮਤਿ ਸੰਗੀਤ ਵਿਚ ਗੁਰਬਾਣੀ ਕੀਰਤਨ ਨਾਲ ਜੋੜੀ ਤੇ ਸੰਗੀਤ ਕਰਨ ਦਾ ਢੰਗ ਭਾਰਤੀ ਸੰਗੀਤ ਨਾਲ

ਸੰਗਤ ਕਰਨ ਤੋਂ ਵਿਲਖਣ ਹੈ ਗੁਰਬਾਣੀ ਕੀਰਤਨ ਵਿਚ ਤਾਲ ਵਜਾਉਂਦੇ ਸਮੇਂ ਇਹ ਧਿਆਨ ਰਖਣਾ ਪੈਂਦਾ ਹੈ ਕਿ ਸ਼ਬਦ ਦੀ ਨਿਰੰਤਰਤਾ ਵਿਚ ਵਿਘਨ ਨਾ ਪਵੇ ਅਤੇ ਸਰੋਤੇ ਦੀ ਇਕਾਗਰਤਾ ਭੰਗ ਨਾ ਹੋਵੇ।

**(4) ਪਉੜੀ ਲਗਾਉਣਾ :** ਸ਼ਬਦ ਕੀਰਤਨ ਚੋਂਕੀ ਦੇ ਅੰਤ ਵਿਚ ਸ੍ਰੀ ਗੁਰੂ ਗੰਥ ਸਾਹਿਬ ਵਿਚ ਦਰਜ ਵਾਰਾਂ ਵਿਚੋਂ ਸਮੇਂ ਅਨੁਸਾਰ ਸਲੋਕਾਂ ਦਾ ਗਾਇਨ ਕਰਕੇ ਪਉੜੀ ਲਗਾਈ ਜਾਂਦੀ ਹੈ ਜਿਸ ਨਾਲ ਪਉੜੀ ਤਾਲ ਦਾ ਠੇਕਾ ਲਗਾਇਆ ਜਾਂਦਾ ਹੈ। ਪਉੜੀ ਦਾ ਠੇਕਾ ਸਿਰਫ ਗੁਰਮਤਿ ਸੰਗੀਤ ਵਿਚ ਹੀ ਲਗਾਇਆ ਜਾਂਦਾ ਰੁ (ਬਸੰਤ ਵਿਚ ਜਦੋਂ ਰਾਗੀ ਸਿੰਘ ਪਉੜੀ ਦਾ ਗਾਇਨ ਕਰਦੇ ਹਨ ਉਦੋਂ ਪਉੜੀ ਦੇ ਠੇਕੇ ਦੇ ਬੋਲ ਕੁਝ ਅਲਗ ਹੁੰਦੇ ਨੇ ਜਿਸ ਕਰਕੇ ਤਾਲ ਦੀ ਮਹਤਤਾ ਗੁਰਮਤਿ ਸੰਗੀਤ ਵਿਚ ਹੋਰ ਵੀ ਵਧ ਜਾਂਦੀ ਹੈ।

ਆਸਾ ਦੀ ਵਾਰ ਵਿਚ ਤਾਲ ਦੀ ਮਹੱਤਤਾ

ਆਸਾ ਦੀ ਵਾਰ ਦੀ ਬਾਣੀ ਜਿਸ ਦਾ ਗਾਇਨ ਲਗਭਗ ਸਾਰੇ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ, ਆਪਣੇ ਆਪ ਵਿਚ ਇਕ ਅਲੱਗਪਹਿਚਾਨ ਰਖਦੀ ਹੈ। ਇਸ ਦੇ ਗਾਇਨ ਵਿਚ ਜੋ ਛੰਤ ਗਾਇਆ ਜਾਂਦਾ ਹੈ, ਉਹ ਅਲਗ ਅਲਗ ਤਾਲਾਂ ਵਿਚ ਗਾਇਆ ਜਾਂਦਾ ਹੈ ਜਿਸ ਤਰਾਂ ਇਕਤਾਲ, ਤਿੰਨਤਾਲ, ਰੂਪਕ, ਦਾਦਰਾ ਜਾਂ ਕਹਿਰਵਾ। ਉਸ ਤੋਂ ਬਾਦ ਜਦੋਂ ਸਲੋਕ ਪੜਿਆ ਜਾਂਦਾ ਹੈ ਉਸ ਵਕਤ ਵੀ ਜੋੜੀ ਵਾਲਾ ਪਉੜੀ ਦੇ ਬੋਲਾਂ ਨੂੰ ਵਿਲੰਬਿਤ ਲੈਅ ਵਿਚ ਵਜਾਂਦਾ ਹੈ, ਅੰਤ ਵਿਚ ਪਉੜੀ ਦਾ ਗਾਇਨ ਕਰਨ ਦਾ ਆਦੇਸ਼ ਟੁੰਡੇ ਅਸਰਾਜੇ ਦੀ ਧੁਨੀ ਤੇ ਗਾਇਨ ਦਾ ਹੈ ਅਤੇ ਨਾਲ ਪਉੜੀ ਤਾਲ ਦਾ ਠੇਕਾ ਵਜਾਇਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਤਾਲਾਂ ਦਾ ਵਾਦਨ ਭਾਰਤੀ ਜਾਂ ਦੱਖਣੀਸੰਗੀਤ ਵਿਚ ਸੁਣਨ ਨੂੰਨਹੀਂ ਮਿਲਦਾ।

ਪੜਤਾਲ ਗਾਇਨ ਵਿਚ ਤਾਲ ਦਾ ਮਹੱਤਵ

ਗੁਰਮਤਿ ਸੰਗੀਤ ਵਿਚ ਪੜਤਾਲ ਗਾਇਨ ਦੀ ਇਕ ਨਿਵੇਕਲੀ ਪਰੰਪਰਾ ਹੈ। ਇਸ ਦੇ ਅੰਤਰੇ ਅਲੱਗਅਲੱਗ ਤਾਲਾਂ ਵਿਚ ਗਾਏ ਜਾਂਦੇ ਹਨ, ਪਰ ਸਥਾਈ ਦੀ ਤਾਲ ਇਕ ਹੀ ਰਹਿੰਦੀ ਹੈ।ਅੰਤਰਾ ਗਾਇਨ ਕਰਨ ਤੋਂ ਬਾਦ ਤਿਹਾਈ ਲਗਾ ਕੇ ਫਿਰ ਸਥਾਈ ਨੂੰਨਿਸਚਿਤ ਤਾਲ ਵਿਚ ਗਾਇਆ ਜਾਂਦਾ ਹੈ। ਜਿਸ ਤਰ੍ਹਾਂ ਸਥਾਈ ਤਿੰਨਤਾਲ ਵਿਚ ਹੈ ਤਾਂ ਹਰ ਵਾਰੀ ਪੜਤਾਲ ਦੇ ਅੰਤਰੇ ਅਲਗ ਅਲਗ ਤਾਲਾਂ ਵਿਚ ਗਾ ਕੇ ਸਥਾਈ ਨੂੰ ਤਿੰਨਤਾਲ ਵਿਚ ਹੀ ਗਾਇਆ ਜਾਏਗਾ। ਪੜਤਾਲ ਵਿਚ ਘਟੋ ਘੱਟ 5 ਅਲਗ ਮਾਤਰਾਂ ਦੀਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੜਤਾਲ ਗਾਇਨ ਸ਼ੈਲੀ ਅਤੇ ਇਸ ਨਾਲ ਅਲਗ੍ਅਲਗ ਤਾਲਾਂ ਦਾ ਵਾਦਨ ਅਪਣੇ ਆਪ ਵਿਚ ਇਕ ਗੁਰਮਤਿ ਸੰਗੀਤ ਦਾ ਨਿਰਾਲਾਪਨ ਹੈ, ਜੋ ਕਿ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਵਿਚ ਸੁਣਨ ਨੂੰਨਹੀਂ ਮਿਲਦਾ।

ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਹੋਰ ਵੀ ਕਈ ਗਾਇਨ ਸ਼ੈਲੀਆਂ ਹਨ ਜਿਸ ਵਿਚ ਲਾਵਾਂ, ਘੋੜੀਆਂ, ਅਲਾਹੁਣੀਆਂ ਅਤੇ ਧੁਰਪਦ ਗਾਇਨ ਕੀਤਾ ਜਾਂਦਾ ਹੈ।ਇਨ੍ਹਾਂ ਅਲਗ ਅਲਗ ਸ਼ੈਲੀਆਂ ਨਾਲ ਅਲਗ ਅਲਗ ਤਾਲਾਂ ਦਾ ਵਾਦਨ ਕਰਨ ਦਾ ਅਲਗ ਅਲਗ ਵਿਧਾਨ ਹੈ। ਜਿਸ ਤਰ੍ਹਾਂ ਲਾਵਾਂ ਨਾਲ ਰੂਪਕ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ, ਘੋੜੀਆਂ ਵੀ ਜਿਆਦਾਤਰ ਰੂਪਕ ਤਾਲ ਵਿਚ ਗਾਈ ਜਾਂਦੀਆਂ ਹਨ।ਅਲਾਹੁਣੀਆਂ ਦਾ ਕੀਰਤਨ ਸੂਲਫਾਖ਼ਤਾ ਤਾਲ ਵਿਚ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਗੁਰਮਤਿ ਸੰਗੀਤ ਵਿਚ ਜੋ ਅਲਗ ਅਲਗ ਗਾਇਨ ਸ਼ੈਲੀਆਂ ਹਨ ਉਨ੍ਹਾਂ ਨਾਲ ਅਲੱਗ ਅਲੱਗ ਤਾਲਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਕੀਰਤਨ ਇਕ ਆਪਣੀ ਅਲੱਗ ਪਹਿਚਾਨ ਰੱਖਦਾ ਹੈ। ਗੁਰਮਤਿ ਸੰਗੀਤ ਵਿਚ ਜ਼ਿਆਦਾਤਰ ਹੇਠ ਲਿਖਿਆਂ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਉੜੀ ਤਾਲ, ਸੂਲਫਾਖ਼ਤਾ, ਦਾਦਰਾ, ਰੂਪਕ, ਕਹਿਰਵਾ, ਮਤਤਾਲ, ਰੁਦਰਤਾਲ, ਇਕਤਾਲ, ਦੀਪਚੰਦੀ, ਆੜਾਚਾਰਤਾਲ, ਝੂਮਰਾ, ਫਰੋਦਸਤੁ, ਪਚੰਮ ਸਵਾਰੀ, ਤਿੰਨਤਾਲ,ਪੰਜਾਬੀ ਠੇਕਾ ਆਦਿ।

ਤਬਲਾ ਵਾਦਕ (ਰਿਟਾਇਡ) ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

# पंजाब-प्रदेश के लोक संगीत में प्रयुक्त होने वाले 'अवनद्ध' वाद्य

कमलेश इंदर सिंह

लोक संगीत हमारी भारतीय संस्कृति का अभिन्न अंग है, किसी राष्ट्र की पहचान वहां की संस्कृति के अन्तर्गत आती लोक कलाएँ, परम्पराएँ एवँ वहां की विरासती धरोहर से भी की जा सकती है । इसमें कोई अतिशयोक्ति नहीं की भारत देश के प्रत्येक प्रान्त की लोक संगीत कला की जड़े संगीत प्रेमियों के जल रूपी स्नेह से इतनी संचित हैं कि हमारे भारत देश के लोक संगीत गायन, वादन तथा नृत्य कला की पूरे विश्व में एक अलग पहिचान है, अगर हम केवल प्राचीन पंजाब क्षेत्र की बात करें तो पंजाब के लोगों की पुरातन समय से ही गायन, वादन तथा साहित्य शास्त्र में अभिरूचि रही है, यही कारण है कि वैदिक काल के अन्तर्गत चारों वेदों की रचना भी पंजाब की पुण्य धरती पर हुई है । पंजाब के लोग रचनात्मकता, कल्पनाशील तथा युद्ध कलाओं में पारंगत, बलिदानी, उत्साही एवँ परिश्रमी होने के साथ शुरू से ही यहाँ के लोक संगीत एवं अवनद्ध वाद्यों के वादन क्षेत्र में भी पंजाब के लोगों ने अपनी विशेष भूमिकायें निभाकर भारतीय संगीत को विलक्षण प्रतिभा के धनी गायक एवँ ताल वादक तथा पंजाबी उपज की नवीन तालें छमू तीलजीमउ चंजजमतदेदेकर अपने योगदानी बनने का सौभाग्य प्राप्त किया है ।

?? ?? के लोक अवनद्ध वाद्यों पर विचार करने से पहले हम यह जानने का प्रयत्न करेंगे कि लोक संगीत की परिभाषा क्या है ? हमारे देश में प्रत्येक प्रांत की संस्कृतिक गतीविधियों में स्थानीय अन्तर होने के कारण प्रान्तीय भाषा, पहिरावा, रहन-सहन तथा रीति-रिवाज इत्यादि में भिन्नता पाई जाती है । अगर यह कहा जाए कि भारत देश एक संस्कृति प्रधान देश है, तो कोई अतिशयोक्ति नहीं होगी, वास्तव में किसी भी देश अथवा प्रदेश की सांस्कृतिक धरोहर ही उस की विशेष पहचान होती है । सांस्कृतिक धरोहर जितनी समृद्ध होगी उस देश अथवा प्रदेश की पहचान भी उतनी ही समृद्ध होगी, इसका मुख्य कारण यह भी है कि सांस्कृतिक गतीविधियों के पीछे मनुष्य की भाव शक्तियां ? ?? ?? ??? कर रही होती हैं, यही भावनाएँ और शुभ मूलक विचार मनुष्य को आगे बढ़नें का अवसर प्रदान करते हैं । "विश्व की सभी संस्कृतियों में छुपे हुए सत्य और सुन्दर को सब से श्रेष्ठ माना जाता है, और विश्व में जितने दार्शनिक, वैज्ञानिक, साहित्यकार, तथा संगीतकार इत्यादि महान आत्माएँ हुए हैं उनमें बहुत प्रबल उच्च भाव छुपे होते हैं, ऐसे व्यक्तियों में कला सृजन का भाव भी । {१} अब हम अपने मूल विषय की ओर बढ़ते हुए यह विचार करेंगे कि संगीत भी उन्ही सांस्कृतिक गतीविधियों का एक महत्वपूर्ण अंग है, तथा जो प्रकृति के कण-कण में विराजमान है, जैसे बादलों की गर्जन, पक्षीयों का सुबह के समय कलरव, खेतों में हल जोतते समय बैलों के गले में पहनी हुई घंटीयों की मधुर ध्वनि, झरनों से बहते पानी की आवाज़, गावों में रहट चलाते समय जल से भरी टिंडीयों की आवाज, घरों में गृहणीयों द्वारा वर्तन मांजते समय वर्तनों की खड़खड़ाहट, चरखे की घूँ-घूँ तथा लय और गति को दर्शाता, सूर्य का उदय एवं अस्त होना, समय पर ऋतुओं का आगमन, घड़ी की टिक-टिक से उत्पन्न ध्वनि तथा हमारे शरीर की धड़कन, कोई भी ऐसा स्थान नहीं जहां पर प्रत्यक्ष या अप्रत्यक्ष रूप में लय अथवा संगीत का साया न हो, इन्ही स्वर ध्वनियों से प्रभावित होकर मानव के मन-मष्तिष्क में गायन तथा ताल अवनद्ध वाद्यों के वादन की भावना जाग्रित हुई होगी ऐसा कहने में कोई संशय नहीं है ।

जब मानव अपने मन के आंतरिक भावों की अभिव्यक्ति के लिए कुछ काव्य रचनाएँ कर उन्हें स्वरों में पिरोने का कार्य करता है तो वह जन साधारण में गाया जाने वाला संगीत 'लोक संगीत' कहलाता है, जो कि दो शब्दों के संयोग से मिल कर लोक+संगीत = लोक संगीत बना है, और यही संगीत शास्त्र साहित्य में लोक संगीत का नामकरण धारण करता है इसे ही अंग्रेजी भाषा में फोक-म्यूजिक ( थ्वसा उनेपब) कहा जाता है । वास्तव में हमारे प्राचीन समाज में लोक-संगीत का जन्म पहले हुआ, तदोपरान्त शास्त्रीय संगीत का उद्धभव हुआ अर्थात् लोक संगीत में से ही शास्त्रीय संगीत का जन्म हुआ है । लोग संगीत भारत वर्ष के गांवों तथा छोटे नगरों में रहने वाले जन साधारण लोगों के मन की आंतरिक भावनाओं से प्रस्फुटित होते हैं तथा साधारण स्वर लहरीयों में पिरोये जाते हैं , जिन्हें सीखने के लिए किसी योग्य संगीत शिक्षक अथवा गुरू की आवश्यकता नहीं होती । दूसरी तरफ संगीत सीखने की क्षमता सभी मानवों में होती है कहते हैं जिस व्यक्ति के हृदय तथा नसों में रक्त की धारा वहती है तथा उसे हंसना ? ? रोना भी आता है तो वह व्यक्ति संगीत भी सीख सकता है, यही कारण है कि देश के प्रत्येक प्रांत के अपने लोक गीत, लोक नृत्य तथा लोक वाद्य यंत्र हैं । संगीत भारतीय संस्कृति का अभिन्न अंग है, प्रसिद्ध लेखिका अंजना भार्गव के अनुसार :- "संगीतात्मक वाद्य किसी भी राष्ट्र की संस्कृति के उत्थान में अपना एक महत्वपूर्ण स्थान रखते हैं " । {२} लोक संगीत, लोक वाद्य एवं लोक नृत्य हमारी भारतीय संस्कृति और राष्ट्र की पहचान के महत्वपूर्ण अंग हैं और यह भी सत्य है कि लोक संगीत एवं शास्त्रीय संगीत में अवनद्ध वाद्यों की महत्वपूर्ण भूमिका रहती है । प्रसिद्ध विद्वान लेखक डा० गुरनाम सिंह जी पंजाबी भाषा में लिखी अपनी पुस्तक 'पंजाबी लोक साज' की भूमिका में लिखते हैं "पंजाबी लोक संगीत में मुख्य रूप से गायन की प्रधानता होती है परन्तु इस गायन की शाब्दिक और सांगीतिक रचना की प्रस्तुति में स्वर तथा ताल देने वाले वाद्यों का महत्वपूर्ण स्थान है " । {३} पंजाब प्रदेश के अवनद्ध वाद्यों का प्रयोग केवल यहाँ के लोक संगीत, लोक नृत्य, शास्त्रीय नृत्य एवं शास्त्रीय गायन-वादन में ही नहीं होता, यहाँ के लोक एवं शास्त्रीय अवनद्ध वाद्यों का वादन नाट्य मंचन तथा गुरमति संगीत गायन से पूर्व करने का भी विधान है, जिसे गुरमति संगीत में कीर्तन की प्रारम्भता से पूर्व 'शान लगाना' भी कहा जाता है अर्थात् तबला-जोड़ी के स्वतन्त्र वादन द्वारा वादक अपनी कला का नमूना प्रस्तुत करते हैं, जिससे गुरवाणी कीर्तन गायन के लिए एक निर्धारित वातावरण का निर्माण हो जाता है । प्रसिद्ध लेखिका सुभद्रा चौधरी के अनुसार :- "अवनद्ध वाद्यों का प्रयोजन गीत-वाद्य का उपरंजन करना उसके सौदर्य में वृद्धि करना ध्वनि में गंभीरता लाना तथा वातावरण में भराव लाना आदि ही था " । {४} पंजाब के लोक संगीत में जीवन की खट्टी, मिट्ठी यादों को छंदो, कवित्त, किस्से, वार, विवाह समय के गीत, गुग्गा गीत, बालक जन्म के गीत, वैन, उल्लाहनीयां, दोहे, हीर, वीर रस की ?? ? ?? ॅ? घोड़ी, लंबी हेक वाले गीत, दमड़ी, धेला, सुहाग, इत्यादि साधारण रचनाओं के माध्यम से तथा इन्हें मन-मष्तिष्क में अकस्मात ही पैदा होने वाली धुनों में पिरोकर गाया अथवा वाद्यों पर बजाया जाता है इसका कारण यह भी है कि वैदिक काल से ही पंजाब प्रगति और कलात्मक विकास का एक बहुत बड़ा केन्द्र रहा है अत्यन्त प्राचीन काल से ही 'पंचनद' प्रदेश अथवा पांच नदियों का प्रदेश अपने कलात्मक एवं सांस्कृतिक विकास के लिए प्रसिद्ध रहा है । {५} पंजाबी लोक संगीत को अगर पंजाबीयों के मन का चित्रण कहा जाए तो कोई अतिशयोक्ति नहीं होगी, इसी प्रकार देश के हर प्रांत का अपना लोक संगीत, लोक नृत्य् तथा लोक वाद्य हैं । "किसी भी लोक संगीत के रचयिता कभी-कभी एक दर्जन व्यक्ति भी हो सकते हैं । उसके एक-एक शब्द या पद के रचयिता का दायित्व हर किसी पर निर्भर रह सकता है या यूँ कहें कि समयानुसार आगे चल कर अर्थात् पीढ़ी दर पीढ़ी मूल पाठ में अपनी-अपनी बुद्धि और कल्पना से उस रचना में अन्य छंद भी जोड़ दिए जाते हैं " । {६}

लोक संगीत को लोक अवनद्ध एवं ताल वाद्य अपने उपर धारण कर संगीतात्मक लय अथवा गति प्रदान करते हैं । पंजाब-प्रदेश के लोक ताल वाद्यों की रवानगी में ताल प्रदर्शन के समय इतनी लय वद्धता होती है कि गायक मंच पर प्रस्तुति देते समय स्वयं तथा श्रोता मस्ती में आकर झूमने लगते हैं , यही कारण है कि लोक

संगीत-गायक अपनी मंच प्रस्तुति के समय स्वर वाद्यों की तुलना में ताल वाद्यों की संगति को अधिक प्रमुखता देते हैं । " पंजाब प्रदेश के लोक संगीत का अपना ही निराला ढ़ंग है । पंजाब प्रदेश के लोक गीत, लोक नृत्य एवं लोक वाद्य इतने जोश से भरपूर हैं कि साधारण से साधारण मानव भी इनकी संगीत लहरीयों में खो कर थिरकने लगते हैं" । {७}

पंजाब -प्रदेश की बात हो रही है तो यहां पर थोड़ा पंजाब की ऐतिहासिक परिस्थितियों पर चर्चा करना भी समीचीन होगा । पंजाब शुरू से ही आक्रमणकारियों की आक्रमिकता का शिकार होता रहा है , इन सभी परिस्थितियों का सामना करने के बाद भी पंजाब के लोगों ने अपनी संस्कृति और संगीत परम्परा को जीवित रखा है । लोक संगीत तथा लोक ताल वाद्यों के वादन में यहां के लोगों की अभिरूचि शुरू से ही रही है । पंजाब के लोक संगीत में लोक अवनद्ध वाद्यों में प्रमुख स्थान ढ़ोलक तथा ढ़ोल वाद्य का हैं, जिनका विकास भरतकालीन 'त्रिपुष्कर' वाद्य के द्विपार्श्वमुखी 'आंकिक' भाग से हुआ है । जिनमें से एक प्रकार के वह अवनद्ध वाद्य जो कि लिटाकर बजाए जाने वाले द्विपार्श्वमुखी आंकिक से विकसित हुए, इन्हें योग माया शुक्ल जी ने पहले प्रकार के वाद्य कह कर संबोधित किया है , जैसे पटह, पख़ावज, ढ़ोलक, महाराष्ट्र की नाल तथा बंगाल का श्री खोल अथवा पुंग इत्यादि । {८} वर्तमान समय में द्विपार्श्वमुखी ढ़ोल तथा ढ़ोलक पंजाबी लोक संगीत के प्रमुख अवनद्धों में से हैं ।

लोक संगीत तथा इसके महत्व पर विचार करने के बाद हम पंजाब के लोक संगीत विधाओं में प्रयुक्त होने वाले ताल अवनद्ध वाद्यों एवं पंजाबी उपज की विशेष तालों पर चर्चा करते हैं । पंजाब प्रदेश के लोक वाद्यों को चार खंडों में विभाजित किया जा सकता है :-

१. तत वाद्य :- तुम्बी (एक तारा) दो तारा, तुम्बा ।

२. सुषिर वाद्य :- अजगोज़ा, बंसरी, हारमोनियम, वंझली ।

३. अवनद्ध वाद्य :- ढ़ोल, ढ़ोलक,नगाड़ा, डमरू, डौरू, डड्ढ, डफए डारीया।

४. घन वाद्य :- थाली, चिमटा, मंजीरा, ख़डताल, घूंघरू, झुनझुना ।

उपरोक्त चार प्रकार के वाद्यों में पहले दो प्रकार स्वर वाद्यों के हैं, तथा पिछले दो प्रकार ताल वाद्यों के हैं । घन वाद्यों को पंजाब में परम्परागत रूप से पाछू-वाद्य भी कहा जाता है , अर्थात् प्रमुख अवनद्ध वाद्यों, ढ़ोल, ढ़ोलक, नाल, आदि के सहायक रूप में पीछे बजने वाले वाद्य यन्त्र ।

हमारा विषय पंजाब के लोक संगीत में प्रयुक्त होने वाले ताल अवनद्ध वाद्यों पर आधारित है, इसलिए अब हम पंजाब प्रदेश के लोक संगीत में प्रयुक्त होने वाले अवनद्ध वाद्यों तथा उनकी बनावट संबन्धी जानकारी प्राप्त करने का प्रयत्न करेंगे ।

## पंजाब प्रदेश के लोक अवनद्ध वाद्यों का संक्षिप्त परिचय

### 'ढ़ोल'

'ढ़ोल' शब्द फारसी भाषा के 'दुहुल' से विकसित हुआ है । ढ़ोल को वैदिक काल में 'पणव' भी कहा जाता था । यह वाद्य पंजाब का लोकप्रिय वाद्य यन्त्र है । पंजाब के अतिरिक्त ढ़ोल का वादन हिमाचल, हरियाणा, दिल्ली, उत्तर-प्रदेश सहित भारत के अन्य राज्यों में भी शादी-विवाह के अवसरों इत्यादि रस्मों के समय किया जाता है । पंजाब के लोक गीतों तथा लोक नृत्य भंगड़ा की लय अथवा गति में ऐसी रवानगी है, कि जब इन लोक संगीत विधाओं के साथ 'ढ़ोल' वाद्य द्वारा संगति की जाती है तो सारा वातावरण पंजाबी लोक संगीत में रंग जाता है, बच्चे, बड़े-बूढ़े, स्त्रियाँ, सभी ढ़ोल की थाप के साथ ताल से ताल मिला कर ठुमकने लग जाते हैं । पंजाब के भांगड़ा नृत्य का तो ढ़ोल प्रधान ताल वाद्य है, ढ़ोल के बिना भांगड़ा नृत्य हो ही नहीं सकता । जब समाज में

किसी वृद्ध व्यक्ति की स्वभाविक मृत्यु होती है तो 'ढ़ोल' का वादन करते हुए आगे-आगे शमशान भूमि तक शव यात्रा के साथ चलते हैं । पंजाब में लगने वाले मेलेएपीरों की मज़ारों पर ? ? ? ?? के विशेष दिन, कुश्ती के अखाड़ों एवँ पुरातन समय में दूरस्थ ग्रामीणों को सूचनायें पहुँचाने के उद्देश्य से भी 'ढ़ोल' का वादन तथा प्राचीन काल में किसी विपत्ति की स्थिति में भी 'ढ़ोल' तथा नगाड़े का वादन ज़ोर-ज़ोर से किए जाने के प्रमाण ग्रन्थों में प्राप्त होते हैं । पंजाब में 'ढ़ोल' वाद्य को 'पीरों का साज' कह कर भी इसे महत्त्व प्रदान किया जाता है ।

'ढ़ोल' वाद्य का खोल अथवा आकार लकड़ी का बना होता है । ढ़ोल वाद्य के ऊपर मोटे कपड़े की पट्टी या पट्टा बांधकर और इसे गले या कंधे पर लटका कर पुरूष लोग होली, लोहड़ी, शादी-विवाह इत्यादि खुशी के अवसरों पर बजाते हैं। ढ़ोल का वादन करने के लिए वादकों द्वारा दोनों हाथों में लकड़ी की डंडीयां पकड़ी जाती हैं, बाएँ हाथ की लकड़ी द्वारा चमड़े की जिस परत पर आघात किया जाता है उसे 'डग्गा' तथा दाएँ हाथ में पकड़ी लकड़ी की पतली डंडी को 'तीली' कहा जाता है । पंजाब में ढ़ोल के बांया मुख भाग की चमड़े की परत को 'धामा' कहने का भी ??? ?? है । दोनों ओर के मुखों पर चढ़ी चमड़े की परत अथवा पुड़ीयों को कसने के लिए ख़ोल के ऊपरी भाग पर सूत की मोटी डोरीयों द्वारा चमड़े की पुड़ीयों को सूत की डोरीयों से पिरोया जाता है, जिससे ढ़ोल के दोनों ओर की पुड़ियां कसी जाती हैं । पंजाब में ढ़ोल का वादन परम्परागत पंजाबी लोक गीतों तथा भांगड़ा नृत्य के अतिरिक्त माता की चौकियों पर गायी जाने वाली भेंटों, नगर कीर्तनों, जूलूसों, खेतों में फसल पकने की खुशी में, कुश्ती अखाड़ों, पीरों की मज़ारों अथवा शोभा यात्राओं में भी किया जाता है ।

Existence of Punjab Bhangra can be dated back to the 15th century earlier it was used by Sikhs during the wars and latter to celebrate successful Harvester. Their drum events vally found its way as a core instruments in modern Bhangra music."{९}

## ढ़ोलकी

